**BCM SCHOOL, BASANT AVENUE, DUGRI**
**CLASS- IV SESSION 2025-26**
**(PUNJABI) (ASSIGNMENT)**

**1)ਅਣਡਿੱਠਾ ਪੈਰਾ**

ਸਾਡਾ ਵਾਤਾਵਰਨ ਸਿਰਫ ਮਨੁੱਖ ਲਈ ਹੀ ਨਹੀਂ , ਸਗੋਂ ਹਰ ਜੀਵ-ਜੰਤੂ ਲਈ ਬਹੁਤ ਮਹੱਤਵਪੂਰਨ ਹੈ। ਇਹ ਸਭ ਦਾ ਸਾਂਝਾ ਹੈ। ਜਦੋਂ ਵਾਤਾਵਰਨ ਸਾਫ਼ ਅਤੇ ਸੁੰਦਰ ਹੁੰਦਾ ਹੈ ਤਾਂ ਜੀਵਨ ਵੀ ਸੁਖੀ ਬਣ ਜਾਂਦਾ ਹੈ। ਪਰ ਅੱਜ- ਕੱਲ੍ਹ ਮਨੁੱਖ ਆਪਣੇ ਲਾਲਚ ਕਰਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਦਰਖ਼ਤਾਂ ਦੀ ਕਟਾਈ, ਧੂੰਏਂ ਵਾਲੇ ਵਾਹਨ, ਤੇ ਉਦਯੋਗਾਂ ਵੱਲੋਂ ਨਿਕਲਣ ਵਾਲਾ ਵਿਸ਼ੈਲਾ ਪਾਣੀ ਇਸਨੂੰ ਹੋਰ ਵੀ ਗੰਦਾ ਕਰ ਰਹੇ ਹਨ। ਜੇਕਰ ਅਸੀਂ ਹੁਣ ਵੀ ਨਹੀਂ ਜਾਗੇ ਤਾਂ ਭਵਿੱਖ ਵਿੱਚ ਇਸਦਾ ਨੁਕਸਾਨ ਸਾਨੂੰ ਭੁਗਤਣਾ ਪਵੇਗਾ।

**ਪੈਰਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**

1. ਵਾਤਾਵਰਨ ਕਿੰਨਾ ਮਹੱਤਵਪੂਰਨ ਹੈ?
   I) ਸਭ ਜੀਵਾਂ ਲਈ II) ਸਿਰਫ ਮਨੁੱਖ ਲਈ

2. ਮਨੁੱਖ ਵਾਤਾਵਰਨ ਨੂੰ ਕਿਉਂ ਨੁਕਸਾਨ ਪਹੁੰਚਾ ਰਿਹਾ ਹੈ?
   I) ਆਪਣੇ ਮਤਲਬ ਲਈ II) ਜਾਨਵਰਾਂ ਲਈ

**1)ਕਥਨ / ਕਾਰਨ**

ਕਥਨ – "ਅੰਦਰ" ਅਤੇ "ਬਾਹਰ" ਦੋਵੇਂ ਤਿੰਨ ਅੱਖਰੀ ਸ਼ਬਦ ਹਨ।

ਕਾਰਨ – ਇਹ ਦੋਵੇਂ ਇੱਕ ਦੂਜੇ ਦੇ ਵਿਰੋਧੀ ਵੀ ਹਨ।

1) ਕਥਨ ਸਹੀ ਹੈ, ਦੇ ਕਾਰਨ ਗਲਤ ਹੈ।
2) ਕਥਨ ਅਤੇ ਕਾਰਨ ਦੋਵੇਂ ਸਹੀ ਹਨ।

3) ਇਸ ਪਰਿਵਾਰ ਵਿੱਚ ਏਕਤਾ ਹੈ। ਰੇਖਾਂਕਿਤ ਸ਼ਬਦ ਦਾ ਵਿਰੋਧੀ ਸ਼ਬਦ ਕਿਹੜਾ ਹੈ?

I) ਲੜਾਈ II) ਫੁੱਟ

4) ਪੱਚੀ ਤੋਂ ਪਿਛਲਾ ਅੰਕ ਕਿਹੜਾ ਹੈ?

I) 14 II) 24

5) ਮੇਰੇ ਘਰ ਵਿੱਚ ਸ਼ੀਸ਼ਾ ਹੈ। "ਸ਼ੀਸ਼ਾ" ਸ਼ਬਦ ਦਾ ਸਹੀ ਬਹੁਵਚਨ ਰੂਪ ਚੁਣੋ।

I) ਸ਼ੀਸ਼ੇ II) ਸੀਸੇ

## ਸਾਹਿਤ

- **ਸ਼ਬਦ ਅਰਥ**:- 1.ਯਕੀਨ:- ਭਰੋਸਾ 2.ਕੁਦਰਤ:- ਪ੍ਰਕਿਰਤੀ
- **ਵਾਕ ਬਣਾਓ** – 1. ਮਕਾਨ- ਉਹ ਨਵੇਂ ਮਕਾਨ ਵਿੱਚ ਰਹਿਣ ਲੱਗਾ।

- **ਛੋਟੇ ਪ੍ਰਸ਼ਨ- ਉੱਤਰ**
  1. ਅੱਜ ਤੱਕ ਪਹੁੰਚਣ ਲਈ ਮਨੁੱਖ ਨੂੰ ਕਿੰਨਾ ਸਮਾਂ ਲੱਗਿਆ?

     ਉੱਤਰ – ਲੱਖਾਂ- ਹਜ਼ਾਰਾਂ ਸਾਲ ।
  2. ਨੂਰ ਪਿੰਕੂ ਨੂੰ ਕੀ ਦਿੰਦਾ **ਸੀ?**

     **ਉੱਤਰ** - ਪੈਸੇ

- **ਵੱਡੇ ਪ੍ਰਸ਼ਨ -ਉੱਤਰ**
  1. ਇਨਸਾਨ ਪਹਿਲਾਂ ਕਿਹੋ ਜਿਹਾ ਸੀ?

     ਉੱਤਰ:- ਇਨਸਾਨ ਪਹਿਲਾਂ ਜਾਨਵਰਾਂ ਵਰਗਾ ਸੀ। ਉਹ ਜਾਨਵਰਾਂ ਵਾਂਗ ਹੀ ਇਧਰ- ਉਧਰ ਭੱਜਿਆ ਫਿਰਦਾ ਸੀ। ਉਹ ਦਰਖਤਾਂ ਤੇ ਰਹਿੰਦਾ ਸੀ ਤੇ ਪੱਤੇ -ਫਲ ਖਾਂਦਾ ਸੀ।

- ਮੁੱਲ ਪਰਖ ਪ੍ਰਸ਼ਨ
  1. ਪੁਰਾਣੇ ਅਤੇ ਅੱਜ ਦੇ ਮਨੁੱਖ ਵਿੱਚ ਤੁਸੀਂ ਕੀ ਫ਼ਰਕ ਦੇਖਦੇ ਹੋ? ਕੋਈ ਦੋ ਅੰਤਰ ਲਿਖੋ।

     ਉੱਤਰ – 1. ਮਨੁੱਖ ਨੇ ਘਰਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਹੈ।

     2. ਪਹਿਲਾਂ ਮਨੁੱਖ ਇਸ਼ਾਰਿਆਂ, ਚੀਕਾਂ- ਕੂਕਾਂ ਨਾਲ ਆਪਣੀ ਗੱਲ ਦੂਜੇ ਨੂੰ ਦੱਸਦਾ ਸੀ , ਪਰ ਅੱਜ ਮਨੁੱਖ ਕਈ ਭਾਸ਼ਾਵਾਂ ਵਿੱਚ ਗੱਲ ਕਰ ਸਕਦਾ।